# Second Foreign Office Consultations between India and Guatemala

May 05, 2021

---

## ਭਾਰਤ ਅਤੇ ਗੁਆਟੇਮਾਲਾ ਦੇ ਵਦਿੇਸ਼ ਦਫਤਰਾਂ ਦਰਮਆਿਨ ਦੂਜਾ ਸਲਾਹ ਮਸ਼ਵਰਾ

5 ਮਈ, 2021

ਭਾਰਤ ਅਤੇ ਗੁਆਟੇਮਾਲਾ ਦੇ ਵਿਦੇਸ਼ ਦਫਤਰਾਂ ਦਰਮਿਆਨ ਦੂਜਾ ਸਲਾਹ ਮਸ਼ਵਰਾ (FOC) 5 ਮਈ, 2021 ਨੂੰ ਵਰਚੁਅਲ ਮਾਧਿਅਮ ਰਾਹੀਂ ਹੋਇਆ। ਭਾਰਤੀ ਪੱਖ ਦੀ ਅਗਵਾਈ ਸਕੱਤਰ (ਪੂਰਬ) ਸ਼੍ਰੀਮਤੀ ਰੀਵਾ ਗਾਂਗੁਲੀ ਦਾਸ ਨੇ ਕੀਤੀ ਜਦੋਂਕਿ ਗੁਆਟੇਮਾਲਾ ਦੇ ਪੱਖ ਦੀ ਅਗਵਾਈ ਗੁਆਟੇਮਾਲਾ ਦੇ ਵਿਦੇਸ਼ ਮੰਤਰਾਲੇ ਦੇ ਉਪ ਮੰਤਰੀ ਸ਼੍ਰੀ ਕਾਰਲੋਸ ਰੈਮਰੋ ਮਾਰਟਨੇਜ ਨੇ ਕੀਤੀ।

2. FOC ਦੌਰਾਨ ਦੋਵਾਂ ਧਿਰਾਂ ਨੇ ਆਪਣੇ ਨਿੱਘੇ ਅਤੇ ਪੁਰਾਣੇ ਦੋਸਤਾਨਾ ਸਬੰਧਾਂ ਦੀ ਗੱਲ ਕੀਤੀ ਅਤੇ ਰਾਜਨੀਤਿਕ, ਆਰਥਿਕ, ਸਭਿਆਚਾਰਕ, ਵਪਾਰ ਅਤੇ ਕੌਂਸਲਰ ਸਮੇਤ ਸਾਰੇ ਖੇਤਰਾਂ ਵਿੱਚ ਦੁਵੱਲੇ ਸੰਬੰਧਾਂ ਦੀ ਮੌਜੂਦਾ ਸਥਿਤੀ ਦੀ ਵਿਸਥਾਰ ਨਾਲ ਸਮੀਖਿਆ ਕੀਤੀ. ਉਨ੍ਹਾਂ ਨੇ ਖੇਤੀਬਾੜੀ, ਵਿਗਿਆਨ ਅਤੇ ਟੈਕਨੋਲੋਜੀ, ਪੁਲਾੜ, ਊਰਜਾ, ਸਿੱਖਿਆ, ਸਿਹਤ ਅਤੇ ਰਵਾਇਤੀ ਸਿਹਤ ਵਿਗਿਆਨ ਅਤੇ ਸੈਰ-ਸਪਾਟਾ ਦੇ ਖੇਤਰਾਂ ਵਿੱਚ ਸਹਿਯੋਗ ਵਧਾਉਣ ਦੀਆਂ ਸੰਭਾਵਨਾਵਾਂ ਬਾਰੇ ਵਿਚਾਰ ਵਟਾਂਦਰੇ ਕੀਤੇ।

3. ਦੋਵਾਂ ਪੱਖਾਂ ਨੇ COVID-19 ਦੇ ਹਾਲਾਤ 'ਤੇ ਵਿਚਾਰ ਵਟਾਂਦਰੇ ਕੀਤੇ ਅਤੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਆਲਮੀ ਸਹਿਯੋਗ ਅਤੇ ਏਕਤਾ ਹੀ ਇਸ ਮਹਾਂਮਾਰੀ ਨਾਲ ਨਜਿੱਠਣ ਅਤੇ ਆਰਥਿਕ ਬਹਾਲੀ ਹਾਸਲ ਕਰਨ ਦੀ ਕੁੰਜੀ ਹੈ। ਗੁਆਟੇਮਾਲਾ ਪੱਖ ਨੇ ਪਿਛਲੇ ਸਾਲ ਗੁਆਟੇਮਾਲਾ ਅਤੇ LAC ਖੇਤਰ ਦੇ ਹੋਰ ਦੇਸ਼ਾਂ ਨੂੰ ਫਾਰਮਾਸਿਉਟਿਕਲਸ ਅਤੇ ਟੀਕਿਆਂ ਦੀ ਸਪਲਾਈ ਸਮੇਤ ਸਹਾਇਤਾ ਦੇਣ ਦੇ ਮਾਮਲੇ 'ਚ ਭਾਰਤ ਦੀ ਭੂਮਿਕਾ ਦੀ ਸ਼ਲਾਘਾ ਕੀਤੀ।

4. ਦੋਵਾਂ ਧਿਰਾਂ ਨੇ ਇਸ ਗੱਲ ਦੀ ਤਸਦੀਕ ਕੀਤੀ ਕਿ ਵਪਾਰ ਭਾਰਤ-ਗੁਆਟੇਮਾਲਾ ਸਬੰਧਾਂ ਦਾ ਮਹੱਤਵਪੂਰਨ ਥੰਮ ਹੈ ਅਤੇ ਦੋਨਾਂ ਮੁਲਕਾਂ ਦੇ ਵਧ ਰਹੇ ਵਪਾਰ 'ਤੇ ਤੱਸਲੀ ਪ੍ਰਗਟਾਈ, ਜੋ ਸਾਲ 2019-2020 ਵਿਚ 31. 122 ਕਰੋੜ ਅਮਰੀਕੀ ਡਾਲਰ ਤੱਕ ਪਹੁੰਚ ਗਿਆ, ਜਿਸ ਵਿੱਚ ਭਾਰਤੀ ਬਰਾਮਦ 29. 132 ਕਰੋੜ ਡਾਲਰ ਦੀ ਅਤੇ ਦਰਾਮਦ 22.95 ਕਰੋੜ ਡਾਲਰ ਦੀ ਹੋਈ। ਦੋਵਾਂ ਧਿਰਾਂ ਨੇ ਇਸ ਗੱਲ 'ਤੇ ਸਹਿਮਤੀ ਦਿੱਤੀ ਕਿ ਦੋਨਾਂ ਮੁਲਕਾਂ ਦੇ ਵਪਾਰਕ ਸਬੰਧਾਂ ਨੂੰ ਹੋਰ ਵਧਾਉਣ ਦੇ ਮਾਮਲੇ 'ਚ ਦੀ ਕਾਫ਼ੀ ਸੰਭਾਵਨਾਵਾਂ ਮੌਜੂਦ ਹਨ।

5. ਦੋਵਾਂ ਧਿਰਾਂ ਨੇ ਸਾਂਝੀ ਦਿਲਚਸਪੀ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਵੀ ਵਿਚਾਰ ਵਟਾਂਦਰੇ ਕੀਤੇ ਅਤੇ ਬਹੁਪੱਖੀ ਖੇਤਰ ਵਿਚ ਆਪਣੇ ਸਹਿਯੋਗ ਨੂੰ ਮਜ਼ਬੂਤ ਕਰਨ' ਤੇ ਸਹਿਮਤੀ ਦਿੱਤੀ। ਉਨ੍ਹਾਂ ਭਾਰਤ ਅਤੇ SICA ਦਰਮਿਆਨ ਮਜ਼ਬੂਤ ਸੰਸਥਾਗਤ ਸਬੰਧਾਂ ਦੀ ਤਸਦੀਕ ਕੀਤੀ ਅਤੇ ਅਗਲੀ ਭਾਰਤ-ਸੀਕਾ ਵਿਦੇਸ਼ ਮੰਤਰੀਆਂ ਦੀ ਬੈਠਕ ਆਪਸੀ ਸਹੂਲਤ ਦੇ ਸਮੇਂ ਅਨੁਸਾਰ ਕਰਾਉਣ ਉੱਤੇ ਸਹਿਮਤੀ ਦਿੱਤੀ।

ਨਵੀਂ ਦਿਲੀ
5 ਮਈ, 2021

DISCLAIMER: This is an approximate translation. The original is available in English on MEA's website and may be referred to as the official press release.